# ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

## ਵਣ ਭਵਨ ਸੈਕਟਰ-68, ਐਸ.ਏ.ਐਸ. ਨਗਰ ।

### ਜਨਤਕ ਸੂਚਨਾ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਡਾਇਰੈਕਟੋਰੇਟ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੀਆਂ ਕਰਾਫ਼ਟ ਇੰਸਟ੍ਰਕਟਰ ਦੀਆਂ ਅਸਾਮੀਆਂ ਨੂੰ ਭਰਨ ਲਈ ਇਸ਼ਤਿਹਾਰ ਨੰਬਰ 03 ਆਫ਼ 2026 ਜਾਰੀ ਕੀਤਾ ਗਿਆ ਸੀ। ਕਰਾਫ਼ਟ ਇੰਸਟ੍ਰਕਟਰ ਦੀਆਂ ਕੁੱਝ ਅਸਾਮੀਆਂ ਦੀ ਲਿਖਤੀ ਪ੍ਰੀਖਿਆ ਲੈਣ ਲਈ ਪ੍ਰੀਖਿਆ ਸਾਰਣੀ ਬੋਰਡ ਦੀ ਵੈੱਬ-ਸਾਈਟ ਤੇ ਜਾਰੀ ਕੀਤੀ ਗਈ ਸੀ।

2. ਹੁਣ ਡਾਇਰੈਕਟੋਰੇਟ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵੱਲੋਂ ਪ੍ਰਾਪਤ ਪੱਤਰ ਨੰ: ਆਈ.ਟੀ./ਪ੍ਰ-2/ਵਿਗਿਆਪਨ ਨੰ: 03 ਆਫ 2026/3787 ਮਿਤੀ: 05.10.2026 ਰਾਹੀ ਸੂਚਿਤ ਕੀਤਾ ਗਿਆ ਹੈ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ CWP No: 32076 of 2026 Jaskanwar Singh Vs State of Punjab and others ਵਿੱਚ ਮਿਤੀ: 05.10.2026 ਨੂੰ ਕੇਸ ਦੀ ਸੁਣਵਾਈ ਦੌਰਾਨ ਇਸ ਭਰਤੀ ਪ੍ਰਕਿਰਿਆ (ਸਮੇਤ ਲਿਖਤੀ ਪ੍ਰੀਖਿਆ) ਤੇ ਅਗਲੇਰੇ ਹੁਕਮਾਂ ਤੱਕ ਰੋਕ ਲਗਾ ਦਿੱਤੀ ਗਈ ਹੈ।

3. ਇਨ੍ਹਾਂ ਅਸਾਮੀਆਂ ਦੀ ਭਰਤੀ ਨਾਲ ਸਬੰਧਤ ਸਮੂਹ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਅਸਾਮੀਆਂ ਦੀ ਭਰਤੀ ਸਬੰਧੀ ਸਮੇਂ-ਸਮੇਂ ਤੇ ਬੋਰਡ ਦੀ ਵੈਬਸਾਈਟ ਚੈੱਕ ਕਰਦੇ ਰਹਿਣ।

ਮਿਤੀ:05.10.2026 ਸਹੀ/-

ਸਕੱਤਰ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ